# 1

# ਬਾਈਬਲ ਦੇ ਖ਼ੁਦਾ ਦੇ ਆਤਮਾ ਤੋਂ ਹੋਣ ਦੇ ਅੰਦਰੂਨੀ ਸਬੂਤ

ਸਦੀਆਂ ਤੋਂ ਨੇਕ ਨੀਅਤ ਵਾਲੇ ਲੋਕ ਬਾਈਬਲ ਦੇ ਖ਼ੁਦਾ ਵੱਲੋਂ ਇਸ਼ਾਰਾ ਕਰਦੇ ਇਸ ਵਿਚ ਪਾਏ ਜਾਣ ਵਾਲੇ ਸਬੂਤਾਂ ਨੂੰ ਬਾਈਬਲ ਵਿਚ ਵਿਸ਼ਵਾਸ ਕਰਨ ਦੀ ਹਮਾਇਤ ਦੇ ਦੋ ਵੱਡੇ ਅਧਾਰ ਹਿਜ਼ਕੀਆ ਦੀ ਸੁਰੰਗ ਦੀ ਖੋਜ[1] ਵਰਗੇ ਬਾਹਰੀ ਅਤੇ ਅਤੇ ਬਾਈਬਲ ਵਿਚ ਮਿਲਣ ਵਾਲੇ ਸਬੂਤ ਮੰਨਦੇ ਹਨ। ਇਸ ਪਾਠ ਵਿਚ ਸਿਰਫ਼ ਅੰਦਰੂਨੀ ਸਬੂਤਾਂ ਭਾਵ (1) ਸਵਰਗੀ ਲੇਖਕ ਵੱਲ ਇਸ਼ਾਰਾ ਕਰਦੀਆਂ ਬਾਈਬਲ ਦੀਆਂ ਆਮ ਖੂਬੀਆਂ, (2) ਆਉਣ ਵਾਲੇ ਮਸੀਹ ਦੀਆਂ ਪੁਰਾਣੀਆਂ ਨਬੂਵਤਾਂ ਦਾ ਅਸਰ, (3) ਯਿਸੂ ਦੀ ਸ਼ਖ਼ਸੀਅਤ ਅਤੇ (4) ਵਿਸ਼ਵਾਸੀਆਂ ਦੀ ਸੋਚ 'ਤੇ ਬਾਈਬਲ ਦੇ ਅਸਰ 'ਤੇ ਹੀ ਵਿਚਾਰ ਕੀਤਾ ਜਾਵੇਗਾ।

## ''ਇੱਕੋ ਤਾਂ ਹੈ !''

ਕਿਸੇ ਦੋਸਤ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਉਹ ਕਿਹੜੀ ਕਿਤਾਬ ਪੜ੍ਹਨਾ ਪਸੰਦ ਕਰੇਗਾ, ਵੀਹ ਹਜ਼ਾਰ ਕਿਤਾਬਾਂ ਵਾਲੇ ਕਮਰੇ 'ਚ ਮਰਨ ਕੰਢੇ ਪਿਆ ਸਕਾਟਲੈਂਡ ਦਾ ਕਵੀ ਅਤੇ ਨਾਵਲਕਾਰ ਸਰ ਵਾਲਟਰ ਸਕਾਟ ਹੈਰਾਨ ਰਹਿ ਗਿਆ। ''ਪੁੱਛਣ ਦੀ ਕੀ ਲੋੜ ਹੈ? ਇੱਕੋ ਤਾਂ ਕਿਤਾਬ ਹੈ!''[2]

ਬਾਈਬਲ ਦੀਆਂ ਕਈ ਨਿਰਾਲੀਆਂ ਗੱਲਾਂ ਇਹਦੇ ਖ਼ੁਦਾ ਵੱਲੋਂ ਹੋਣ ਦਾ ਇਸ਼ਾਰਾ ਕਰਦੀਆਂ ਹਨ: ਬਾਈਬਲ ਦੀ ਇਕ ਹੈਰਾਨ ਕਰ ਦੇਣ ਵਾਲੀ ਖੂਬੀ ਅਨੇਕਤਾ ਵਿਚ ਇਹਦੀ ਅਨੋਖੀ ਏਕਤਾ ਹੈ। ਸਾਦਗੀ ਨੂੰ ਗਹਿਰਾਈ ਨਾਲ ਜੋੜਨ ਵਾਲੀ ਬਾਈਬਲ ਵਰਗੀ ਕੋਈ ਹੋਰ ਕਿਤਾਬ ਨਹੀਂ ਹੈ। ਇਸ ਵਿਚ ਖ਼ੁਦਾ ਦਾ ਵਚਨ ਐਨੀ ਨਿਰਪੱਖਤਾ ਨਾਲ, ਸੰਖੇਪਤਾ ਅਤੇ ਸੰਜਮ ਨਾਲ ਪੇਸ਼ ਕੀਤਾ ਗਿਆ ਹੈ ਅਤੇ ਇਹਦੀ ਕਿਸੇ ਨਾਲ ਤੁਲਨਾ ਨਹੀਂ ਹੋ ਸਕਦੀ। ਇਹੀ ਇੱਕੋ ਇਕ ਮੁਕੰਮਲ ਕਿਤਾਬ ਹੈ ਜਿਸ ਵਿਚ ਬਾਰ-ਬਾਰ ਸੋਧ ਕਰਨ ਜਾਂ ਆਧੁਨਿਕ ਬਣਾਉਣ ਦੀ ਲੋੜ ਨਹੀਂ ਹੈ।

ਬਹੁਤ ਸਾਰੀਆਂ ਕਿਤਾਬਾਂ ਇਨਸਾਨ ਦੀ ਸਾਹਿਤਕ ਖੂਬੀ ਦੀਆਂ ਸਰਵੋਤਮ ਰਚਨਾਵਾਂ ਹਨ, ਪਰ ਜਦ ਕਦੇ ਸਭ ਤੋਂ ਉੱਤਮ ਦੀ ਗੱਲ ਹੁੰਦੀ ਹੈ ਤਾਂ ਉਨ੍ਹਾਂ 'ਚੋਂ ''ਇੱਕੋ ਹੀ'' ਕਿਤਾਬ ਦਾ ਨਾਂਅ ਆਉਂਦਾ ਹੈ। ਖ਼ੁਦਾ ਦਾ ਵਚਨ ਕਿਸੇ ਵੀ ਹੋਰ ਪੁਰਾਣੀ ਰਚਨਾ ਨਾਲੋਂ ਬੇਹਤਰ ਹੈ।

ਤੁਲਨਾਤਮਕ ਰੂਪ ਵਿਚ ਅੱਜ ਦੇ ਦਿਨ ਤਕ ਬਹੁਤ ਹੀ ਘੱਟ ਰਚਨਾਵਾਂ ਹਨ ਜੋ ਐਨੀਆਂ ਪੁਰਾਣੀਆਂ ਹਨ, ਪਰ ਪਵਿੱਤਰ ਬਾਈਬਲ ਦੀਆਂ ਸਾਡੇ ਕੋਲ ਅਨੇਕਾਂ ਕਾਪੀਆਂ ਮੌਜੂਦ ਹਨ।

ਇਸ ਕਿਤਾਬ ਵਿਚ ''ਬਾਈਬਲ ਦੀਆਂ ਖ਼ੂਬੀਆਂ'' ਪਾਠ ਵਿਚ ਬਾਈਬਲ ਦੇ ਇਨ੍ਹਾਂ ਗੁਣਾਂ 'ਤੇ ਬਰੀਕੀ ਨਾਲ ਚਰਚਾ ਕੀਤੀ ਜਾਵੇਗੀ।

## ''ਕੀ ਤੂੰ ਨਬੀਆਂ ਦੀ ਪ੍ਰਤੀਤ ਕਰਦਾ ਹੈ?''

ਇਹ ਕਹਿੰਦਿਆਂ ਕਿ ''ਹੇ ਰਾਜਾ ਅਗ੍ਰਿੱਪਾ, ਕੀ ਤੁਸੀਂ ਨਬੀਆਂ ਦੀ ਪ੍ਰਤੀਤ ਕਰਦੇ ਹੋ? ਮੈਂ ਤਾਂ ਜਾਣਦਾ ਹਾਂ ਕਿ ਤੁਸੀਂ ਪ੍ਰਤੀਤ ਕਰਦੇ ਹੋ?'' (ਰਸੂਲਾਂ ਦੇ ਕੰਮ 26:27)। ਪੌਲੁਸ ਨੂੰ ਸਾਫ਼ ਪਤਾ ਸੀ ਕਿ ਉਹ ਇਕ ਅਜਿਹੇ ਰਾਜੇ ਸਾਹਮਣੇ ਖਲੋਤਾ ਹੈ ਜੋ ਪੁਰਾਣੇ ਨੇਮ ਨੂੰ ਸੰਜੀਦਗੀ ਨਾਲ ਲੈਂਦਾ ਹੈ। ਸਾਨੂੰ ਇਹ ਤਾਂ ਨਹੀਂ ਪਤਾ ਕਿ ਰਾਜਾ ਅਗ੍ਰਿੱਪਾ ਨੇ ਮਸੀਹ ਬਾਰੇ ਪੁਰਾਣੇ ਨੇਮ ਦੀਆਂ ਨਬੂਵਤਾਂ ਦਾ ਕਿੰਨਾ ਕੁ ਅਧਿਐਨ ਕੀਤਾ ਸੀ, ਪਰ ਇਹ ਜ਼ਰੂਰ ਹੈ ਕਿ ਉਹ ਕੁਝ ਕੁ ਯਹੂਦੀ ਸੀ।[3] ਯਹੂਦੀ ਹੋਵੇ ਜਾਂ ਗੈਰਕੌਮ, ਪੁਰਾਣਾ ਨੇਮ ਪੜ੍ਹਨ ਵਾਲਾ ਹਰ ਸ਼ਖ਼ਸ ਜੋ ਯਿਸੂ ਦੇ ਆਉਣ ਤੋਂ ਬਹੁਤ ਪਹਿਲਾਂ ਲਿਖਿਆ ਗਿਆ ਸੀ, ਮਸੀਹਾ ਦੇ ਆਉਣ ਦੀ ਨਬੂਵਤਾਂ ਪੜ੍ਹ ਕੇ ਵਿਸ਼ਵਾਸ ਕੀਤੇ ਬਿਨਾਂ ਨਹੀਂ ਰਹਿ ਸਕਦਾ ਸੀ।

ਨਬੂਵਤ ਦਾ ਮੁੱਖ ਮਕਸਦ ਯਿਸੂ ਦੀ ਗਵਾਹੀ ਦੇਣਾ ਸੀ (ਪ੍ਰਕਾਸ਼ ਦੀ ਪੋਥੀ 19:10)। ਨਬੀ ਓਸੇ ਦੀ ਗਵਾਹੀ ਦਿੰਦੇ ਸਨ (ਰਸੂਲਾਂ ਦੇ ਕੰਮ 10:43)। ਔਰਤ ਦੀ ਸੰਤਾਨ ਨੇ ਸ਼ੈਤਾਨ ਦਾ ਸਿਰ ਫੇਂਹਣਾ ਸੀ (ਉਤਪਤ 3:15; ਗਲਾਤੀਆਂ 4:4; ਇਬਰਾਨੀਆਂ 2:12-14)। ਉਹ ਅਬਰਾਹਾਮ ਦੇ ਵੰਸ ਵਿੱਚੋਂ (ਉਤਪਤ 18:18; ਗਲਾਤੀਆਂ 3:16), ਯਹੂਦਾ ਦੇ ਕਬੀਲੇ 'ਚੋਂ (ਉਤਪਤ 49:10) ਅਤੇ ਦਾਊਦ ਦੇ ਘਰਾਣੇ 'ਚੋਂ ਹੋਣਾ ਸੀ (ਜ਼ਬੂਰ 89:3, 4)। ਉਹਨੇ ਕੁਆਰੀ ਤੋਂ (ਯਸਾਯਾਹ 7:14) ਬੈਤਲਹਮ ਵਿਚ (ਮੀਕਾਹ 5:2) ਜਨਮ ਲੈਣਾ ਸੀ। ਉਸ ਤੋਂ ਪਹਿਲਾਂ ਉਹਦਾ ਰਾਹ ਤਿਆਰ ਕਰਨ ਵਾਲੇ ਨੇ ਆਉਣਾ ਸੀ (ਯਸਾਯਾਹ 40:3)। ਗਲੀਲ ਵਿਚ ਉਹਦੀ ਸੇਵਕਾਈ ਦੀ ਨਬੂਵਤ ਕੀਤੀ ਗਈ ਸੀ (ਯਸਾਯਾਹ 9:1, 10)। ਉਹਦੀ ਖ਼ੁਦਾਈ ਬੁੱਧ (ਯਸਾਯਾਹ 11:1-3) ਅਤੇ ਸਮਰੱਥਾ ਦੇ ਉਹਦੇ ਕੰਮਾਂ ਦੀ ਤਸਵੀਰ ਵਿਖਾਈ ਗਈ ਸੀ (ਯਸਾਯਾਹ 35:5)। ਆਪਣੇ ਪਿਤਾ ਦੇ ਘਰ ਦੀ ਗੈਰਤ ਵਿਚ ਉਹਦੇ ਸਾੜੇ ਦੀ ਨਬੂਵਤ ਵੀ ਕੀਤੀ ਗਈ ਸੀ (ਜ਼ਬੂਰ 69:9; ਯੂਹੰਨਾ 2:16, 17)।

ਉਹਦੇ ਇਕ ਦੁਖੀ ਪੁਰਖ, ਸੋਗ ਦਾ ਜਾਣੂ ਅਤੇ ਪਾਪ ਚੁੱਕਣ ਵਾਲਾ ਹੋਣ ਦੇ ਰੌਂਗਟੇ ਖੜੇ ਕਰਨ ਵਾਲੀਆਂ ਗੱਲਾਂ ਦੀ ਬਾਅਦ ਦੇ ਵਰ੍ਹਿਆਂ ਦੀ ਰੂਪਰੇਖਾ ਦਿੱਤੀ ਗਈ ਸੀ (ਯਸਾਯਾਹ 53:3, 11)। ਉਹਨੂੰ ਕੋਰੜੇ ਮਾਰੇ ਜਾਣੇ ਸਨ, ਪਰ ਉਹਨੇ ਵਿਰੋਧ ਨਹੀਂ ਕਰਨਾ ਸੀ (ਯਸਾਯਾਹ 53:5, 7)। ਉਹਦੇ ਠੁਕਰਾਏ ਜਾਣ (ਯਸਾਯਾਹ 53:3) ਅਤੇ ਚੇਲਿਆਂ ਦੀ ਬੁਜ਼ਦਿਲੀ ਦੀ ਵੀ ਨਬੂਵਤ ਕੀਤੀ ਗਈ ਸੀ (ਜ਼ਕਰਯਾਹ 13:7)। ਉਨ੍ਹਾਂ ਵਿੱਚੋਂ ਇਕ ਨੇ ਚਾਂਦੀ ਦੇ ਤੀਹ ਸਿੱਕਿਆਂ ਦੀ ਖ਼ਾਤਰ (ਜ਼ਕਰਯਾਹ 11:12) ਉਹਨੂੰ ਫੜਵਾਉਣਾ ਸੀ (ਜ਼ਬੂਰ 41:9)। ਰਿਸ਼ਵਤ ਦਿੱਤੇ ਜਾਣ ਤੋਂ ਬਹੁਤ ਪਹਿਲਾਂ, ਲਹੂ ਦੇ ਧਨ ਦੇ ਖਰਚ ਹੋਣ ਦੀ ਨਬੂਵਤ ਹੋ ਚੁੱਕੀ ਸੀ (ਜ਼ਕਰਯਾਹ 11:13)। ਉਹਦੇ ਮੂੰਹ 'ਤੇ ਥੁੱਕਿਆ ਜਾਣਾ (ਯਸਾਯਾਹ 50:6) ਅਤੇ ਮੁਜਰਮਾਂ ਵਿਚ ਗਿਣਿਆ ਜਾਣਾ (ਯਸਾਯਾਹ 53:12) ਨਬੂਵਤ ਦਾ ਪੂਰਾ ਹੋਣਾ ਹੀ ਸੀ। ਉਸ ਨੂੰ ਘਿਣਾਉਣੀਆਂ ਗੱਲਾਂ (ਜ਼ਬੂਰ 22:7, 8) ਹੀ ਨਹੀਂ ਸਗੋਂ ਸਿਰਕੇ ਨਾਲ ਵੀ ਮਜ਼ਾਕ ਕੀਤਾ ਜਾਣਾ ਸੀ (ਜ਼ਬੂਰ

69:21)। ਗੁਣੇ ਪਾ ਕੇ, ਉਹਦੇ ਕੱਪੜੇ ਆਪੋ ਵਿਚ ਵੰਡੇ ਜਾਣੇ ਸਨ (ਜ਼ਬੂਰ 22:18)। ਉਹਦੇ ਹੱਥ ਅਤੇ ਪੈਰ ਵਿਨ੍ਹੇ ਜਾਣੇ ਸਨ (ਜ਼ਬੂਰ 22:16ੲ), ਪਰ ਉਹਦੀ ਕੋਈ ਹੱਡੀ ਨਹੀਂ ਟੁੱਟਣੀ ਸੀ (ਜ਼ਬੂਰ 34:20)। ਸਲੀਬ ਉੱਤੇ ਚੜ੍ਹਨ ਵੇਲੇ ਉਹਨੇ ਸਲੀਬ 'ਤੇ ਚੜ੍ਹਾਉਣ ਵਾਲਿਆਂ ਲਈ ਦੁਆ ਕਰਨੀ ਸੀ (ਯਸਾਯਾਹ 53:12)। ਇਕ ਅਮੀਰ ਆਦਮੀ ਦੀ ਕਬਰ 'ਚ ਉਹ ਨੂੰ ਰੱਖਿਆ ਜਾਣਾ ਸੀ (ਯਸਾਯਾਹ 53:9), ਪਰ ਉਹਦੀ ਦੇਹ ਸੜਨੀ ਨਹੀਂ ਸੀ (ਜ਼ਬੂਰ 16:10)। ਉਹ ਨੇ ਅਸਮਾਨ 'ਤੇ ਉੱਪਰ ਉਠਾ ਲਿਆ ਜਾਣਾ ਸੀ (ਜ਼ਬੂਰ 45:6; 110:1-3)।

ਕੈਨਨ ਲਿੱਡਨ ਨੇ ਪੁਰਾਣੇ ਨੇਮ ਵਿਚ ਮਸੀਹ ਬਾਰੇ 332 ਨਬੂਵਤਾਂ ਦੀ ਗਿਣਤੀ ਕੀਤੀ।[4] ਅਲਫ੍ਰੇਡ ਐਡਰਸ਼ੇਮ ਨੇ ਮਸੀਹ ਅਤੇ ਉਹਦੇ ਰਾਜ ਦੀ ਗੱਲ ਕਰਨ ਵਾਲੀਆਂ 456 ਆਇਤਾਂ ਦੀ ਸੂਚੀ ਬਣਾਈ।[5] ਇਹ ਸਭ ਗੱਲਾਂ ਇੱਕੋ ਹੀ ਆਦਮੀ ਵਿਚ ਸੰਯੋਗ ਨਾਲ ਕਿਵੇਂ ਪੂਰੀਆਂ ਹੋ ਸਕਦੀਆਂ ਸਨ? ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਯਿਸੂ ਨੇ ਦਾਅਵਾ ਕੀਤਾ ਕਿ "ਜੇ ਕੋਈ ਉਹ [ਖ਼ੁਦਾ] ਦੀ ਮਰਜ਼ੀ ਪੂਰੀ ਕਰਨੀ ਚਾਹੇ ਤਾਂ ਉਹ ਇਸ ਸਿੱਖਿਆ ਦੇ ਵਿਖੇ ਜਾਣੇਗਾ" (ਯੂਹੰਨਾ 7:17)। ਨਾਸਤਿਕ ਹੋਣ ਦਾ ਕੋਈ ਬਹਾਨਾ ਕੰਮ ਨਹੀਂ ਆ ਸਕਦਾ।

ਬਾਈਬਲ ਦਾ ਨਿਰਾਲਾਪਣ ਇਸ ਗੱਲ ਵਿਚ ਵੇਖਿਆ ਜਾਂਦਾ ਹੈ ਕਿ ਧਰਮ (ਜਿਵੇਂ ਇਸਲਾਮ, ਬੁੱਧ, ਕਨਫਿਊਸ਼ਸੀ ਧਰਮ, ਸ਼ਿੰਤੋ [ਜਪਾਨ ਦਾ ਸਰਕਾਰੀ ਧਰਮ], ਅਤੇ ਪਾਰਸੀ ਧਰਮ) ਨਾਲ ਜੁੜੀਆਂ ਹੋਰ ਕਿਤਾਬਾਂ ਨਬੂਵਤ ਦੀ ਗੱਲ ਦੱਸਣ ਦੀ ਕੋਈ ਕੋਸ਼ਿਸ਼ ਨਹੀਂ ਕਰਦੀਆਂ। ਬਾਈਬਲ ਨੇ ਆਪਣੀਆਂ ਨਬੂਵਤਾਂ ਰਾਹੀਂ ਇਹਨੂੰ ਸਹੀ ਜਾਂ ਗਲਤ ਸਾਬਤ ਕਰਨ ਦੇ ਮੌਕੇ ਮੁਹੱਈਆ ਕਰਵਾ ਦਿੱਤੇ ਹਨ, ਜਿਨ੍ਹਾਂ ਦੀ ਹੋਰ ਧਾਰਮਿਕ ਕਿਤਾਬਾਂ ਹਿੰਮਤ ਨਹੀਂ ਜੁਟਾਉਂਦੀਆਂ।

ਆਪਣੇ ਬਣੇ ਨਬੀਆਂ ਦੀ ਤੁਲਨਾ ਬਾਈਬਲ ਦੇ ਨਬੀਆਂ ਨਾਲ ਕੀਤੇ ਜਾਣ 'ਤੇ, ਅਸੀਂ ਪਰੇਸ਼ਾਨ ਹੋ ਜਾਂਦੇ ਹਾਂ। ਉਦਾਹਰਣ ਲਈ, ਬਰਤਾਨਵੀ ਦਾਨਸ਼ ਜਾਰਜ ਕੈਨਿੰਗ (1770-1827) ਨੇ ਨਬੂਵਤ ਕੀਤੀ ਸੀ ਕਿ ਦੱਖਣੀ ਅਮਰੀਕੀ ਬਸਤੀਆਂ ਅਮਰੀਕੀ ਰਾਜਾਂ ਵਾਂਗ ਹੀ ਵਧਣਗੀਆਂ। ਰੌਬਰਟ ਇੰਗਰਸੋਲ (1833-1899) ਨੇ ਨਬੂਵਤ ਕੀਤੀ ਸੀ ਕਿ ਦਸ ਸਾਲਾਂ ਦੇ ਅੰਦਰ-ਅੰਦਰ ਕਲੀਸੀਆ ਦੀ ਹਰ ਬਿਲਡਿੰਗ ਦੀ ਥਾਂ ਦੋ ਥਿਏਟਰ ਹੋਣਗੇ। ਇਟਲੀ ਦੇ ਇਕ ਹਿਸਾਬਦਾਨ ਜਿਰੋਮ ਕਾਰਡਨ (1501-1576) ਨੇ ਆਪਣੀ ਹੀ ਮੌਤ ਦੇ ਦਿਨ ਅਤੇ ਵਕਤ ਦੀ ਨਬੂਵਤ ਕੀਤੀ ਸੀ, ਅਤੇ ਉਹਨੇ ਠੀਕ ਓਸੇ ਵਕਤ ਖ਼ੁਦਕੁਸ਼ੀ ਕਰ ਲਈ ਸੀ।

## "ਬੇਹੱਦ ਖ਼ੂਬਸੂਰਤ"

ਬਾਈਬਲ ਦੇ ਖ਼ੁਦਾ ਵੱਲੋਂ ਹੋਣ ਦੇ ਬੇਹਤਰੀਨ ਅੰਦਰੂਨੀ ਸਬੂਤਾਂ ਵਿੱਚੋਂ ਇਕ ਯਿਸੂ ਦਾ ਚਰਿੱਤਰ ਹੈ। ਸ਼ਾਇਦ ਹੀ ਕੋਈ ਅਪਵਾਦ ਹੋਵੇ, ਜਿਸ ਵਿਚ ਯਿਸੂ ਦੀ ਸ਼ਖ਼ਸੀਅਤ ਦੀ ਤਾਰੀਫ਼ ਲਈ ਵਿਸ਼ਵਾਸੀ ਅਤੇ ਬੇਵਿਸ਼ਵਾਸੇ ਇੱਕੋ ਮਤ ਨਾ ਹੋਣ। ਅਵਿਸ਼ਵਾਸੀ ਦਾਰਸ਼ਨਿਕ ਜੋਜ਼ਫ਼ ਰਿਨਾਨ (1823-1892) ਨੇ ਲਿਖਿਆ ਹੈ, "ਹਰ ਪੀੜ੍ਹੀ ਕਹੇਗੀ ਕਿ ਮਨੁੱਖਾਂ ਦੇ ਪੁੱਤਰਾਂ ਵਿੱਚੋਂ ਯਿਸੂ ਨਾਲੋਂ ਵੱਡਾ ਕੋਈ ਪੈਦਾ ਹੀ ਨਹੀਂ ਹੋਇਆ।" ਯਿਸੂ ਸਭ ਤੋਂ ਨਿਰਾਲਾ ਹੈ, ਉਹ ਸ਼ਾਰੋਨ ਦੇਸ਼ ਦਾ ਗੁਲਾਬ, ਪਹਾੜੀਆਂ ਦਾ ਸੋਸਨ ਦਾ ਫੁੱਲ, ਦਸ ਹਜ਼ਾਰਾਂ ਵਿੱਚੋਂ ਉੱਤਮ, ਬੇਹੱਦ ਖ਼ੂਬਸੂਰਤ[6] ਖ਼ੁਦਾ ਦਾ ਉਹ ਵਚਨ ਹੈ ਜਿਹਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ!

ਸਿੱਧ ਹੋਣ ਦੇ ਬਾਵਜੂਦ, ਯਿਸੂ ਆਪਣੀ ਨਜ਼ਰ 'ਚ ਧਰਮੀ ਬਣਨ ਤੋਂ ਕੋਹਾਂ ਦੂਰ ਸੀ।

ਉਹ ਹਲੀਮ ਅਤੇ ਦੀਨ ਸੀ। ਉਹਨੇ ਆਪਣੇ ਆਪ ਨੂੰ ਦੁਨਿਆਵੀ ਮਾਪਿਆਂ ਦੇ ਵੱਸ ਵਿਚ ਰੱਖਿਆ ਸੀ। ਆਪਣੀਆਂ ਖ਼ਾਹਸ਼ਾਂ ਨੂੰ ਭੁੱਲ ਕੇ ਉਹਨੂੰ ਰੂਹਾਂ ਬਚਾਉਣ ਦੀ ਅਤੇ ਲੋੜਵੰਦਾਂ ਦੀ ਮਦਦ ਦੀ ਧੁਨ ਸੀ, ਭਾਂਵੇਂ ਉਹ ਘਿਣਾਉਣਾ ਸਾਮਰੀ ਹੀ ਕਿਉਂ ਨਾ ਹੋਵੇ। ਉਹਨੇ ਧਰਤੀ ਉੱਤੇ ਕੋਈ ਅਖ਼ਤਿਆਰ ਤਾਂ ਨਹੀਂ ਚਾਹਿਆ, ਪਰ ਯਰੂਸ਼ਲਮ ਦੀ ਹੈਕਲ ਦੀ ਪਾਕੀਜ਼ਗੀ ਦਾ ਸਨਮਾਨ ਨਾ ਕਰਨ ਵਾਲਿਆਂ ਨੂੰ ਉਹਨੇ ਪੂਰੀ ਤਾਕਤ ਨਾਲ ਕੱਢ ਦਿੱਤਾ ਸੀ। ਪਿਆਰ ਅਤੇ ਸੇਵਾ ਦੀ ਕਾਮਲ ਮਿਸਾਲ, ਯਿਸੂ ਨੇ ਦੂਜਿਆਂ ਲਈ ਆਪਣੇ ਆਪ ਦਾ ਇਨਕਾਰ ਕੀਤਾ। ਉਹਦੇ ਖ਼ੁਦਾ ਹੋਣ ਦਾ ਇਨਕਾਰ ਕਰਨ ਵਾਲਾ ਉਹਦੀ ਭਲਿਆਈ ਨੂੰ ਕਬੂਲ ਨਹੀਂ ਕਰ ਸਕਦਾ।

ਕੋਈ ਮਨੁੱਖੀ ਜੀਵ ਯਿਸੂ ਵਰਗਾ ਹੋਣ ਦੀ ਕਲਪਨਾ ਨਹੀਂ ਕਰ ਸਕਦਾ। ਜੇ ਇੰਜੀਲ ਦੇ ਲੇਖਕਾਂ ਨੇ ਉਹਦੀਆਂ ਕਹਾਣੀਆਂ ਬਣਾਈਆਂ ਹਨ ਤਾਂ ਉਨ੍ਹਾਂ ਨੇ ਉਸ ਤੋਂ ਵੀ ਵੱਡਾ ਮੋਅਜਜ਼ਾ ਕੀਤਾ ਜਿਸ ਦਾ ਮਾਣ ਉਹ ਯਿਸੂ ਨੂੰ ਦਿੰਦੇ ਹਨ। ਕਿਉਂਕਿ ਇਨਸਾਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਸਿੱਧ ਆਦਮੀ ਬਣਾ ਦਿੱਤਾ ਅਤੇ ਨੈਤਿਕਤਾ ਦਾ ਇਕ ਸੰਪੂਰਣ ਤਰੀਕਾ ਅਪਣਾ ਲਿਆ।

ਕਿਸੇ ਵਿਦਵਾਨ ਨੇ ਕਿਹਾ ਹੈ ਕਿ ਰਸੂਲ ਨਾ ਤਾਂ ਐਨੇ ਚੰਗੇ ਸਨ ਅਤੇ ਨਾ ਹੀ ਐਨੇ ਮਹਾਨ ਕਿ ਉਹ ਆਪਣੇ ਦਿਮਾਗ਼ ਨਾਲ ਯਿਸੂ ਵਰਗੇ ਕਿਸੇ ਆਦਮੀ ਨੂੰ ਸਿਰਜ ਸਕਦੇ। ਰਾਜ ਬਾਰੇ ਉਨ੍ਹਾਂ ਦੀ ਸੋਚ ਦੁਨਿਆਵੀ ਸੀ (ਮਰਕੁਸ 10:35-45); ਫਰੀਸੀਆਂ ਦੇ ''ਖ਼ਮੀਰ'' ਦੀ ਉਨ੍ਹਾਂ ਨੂੰ ਸਮਝ ਨਹੀਂ ਸੀ (ਮੱਤੀ 16:5-12); ਆਪਣਾ ਇਨਕਾਰ ਕਰਨ ਦੀ ਗੱਲ ਉਨ੍ਹਾਂ ਦੇ ਪੱਲੇ ਨਹੀਂ ਪਈ ਸੀ (ਮੱਤੀ 16:21-26); ਉਨ੍ਹਾਂ ਵਿਚ ਨੈਤਿਕ ਹਿੰਮਤ ਦੀ ਘਾਟ ਸੀ (ਮੱਤੀ 26:31-35, 51-56, 69-75); ਅਤੇ ਦੂਜੀਆਂ ਕੌਮਾਂ ਬਾਰੇ ਉਨ੍ਹਾਂ ਦੇ ਮਨ 'ਚ ਮੁਤੱਅਸਬ ਸੀ (ਲੂਕਾ 9:51-56)।

## ''ਮੈਂ ਪਰਤੀਤ ਨਾ ਕੀਤੀ''

''ਜਦ ਤੀਕ ਮੈਂ ਆ ਕੇ ਆਪਣੀ ਅੱਖੀਂ ਨਾ ਵੇਖਿਆ ਤਦ ਤੀਕ ਮੈਂ ਉਨ੍ਹਾਂ ਗੱਲਾਂ ਦੀ ਪਰਤੀਤ ਨਾ ਕੀਤੀ,'' ਸ਼ਬਾ ਦੀ ਰਾਣੀ ਨੇ ਸੁਲੇਮਾਨ ਨੂੰ ਇਹੀ ਆਖਿਆ ਸੀ (1 ਰਾਜਿਆਂ 10:7; 2 ਇਤਿਹਾਸ 9:6)। ਇਸੇ ਤਰ੍ਹਾਂ ਸ਼ੱਕ ਕਰਨ ਵਾਲੇ ਹੋਰ ਬਹੁਤ ਸਾਰੇ ਬੇਵਿਸ਼ਵਾਸਿਆਂ ਨੇ ਬਾਈਬਲ ਨੂੰ ਉਦੋਂ ਤਕ ਨਹੀਂ ਮੰਨਿਆ ਜਦ ਤਕ ਉਨ੍ਹਾਂ ਨੇ ਆਪ ਮਸੀਹ ਦੇ ਸਬੂਤ ਦੀ ਪਰਖ ਨਾ ਕਰ ਲਈ। ਪਰਖ ਕਰਨ ਤੇ ਉਨ੍ਹਾਂ ਨੇ ਪਾਇਆ ਕਿ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਮਸੀਹ ਜੋ ਕੁਝ ਕਰ ਸਕਦਾ ਹੈ ਉਨ੍ਹਾਂ ਨੂੰ ਤਾਂ ਉਸ ਦਾ ''ਅੱਧਾ'' ਹੀ ਦੱਸਿਆ ਗਿਆ ਸੀ।

ਸਰ ਜਾਰਜ ਲਿਟਲਟਨ (1709-1773) ਨੇ ਇੰਗਲੈਂਡ ਵਿਚ ਈਟਨ ਅਤੇ ਆਕਸਫ਼ੋਰਡ ਵਿਚ ਸਿੱਖਿਆ ਪਾਈ ਸੀ। ਉਹ ਉੱਥੋਂ ਦੀ ਸੰਸਦ ਵਿਚ ਵੜ ਕੇ ਖ਼ਜ਼ਾਨੇ ਵਿਚ ਉੱਚ ਅਹੁਦਿਆਂ 'ਤੇ ਰਹੇ ਸਨ। ਇਸ ਵਿਦਵਾਨ ਦੀ ਜੀਵਨੀ ਡਾਕਟਰ ਸੈਮੁਏਲ ਜੌਨਸਨ ਨੇ ਲਿਖੀ ਸੀ। ਅਠ੍ਹਾਰਵੀਂ ਸਦੀ ਦੇ ਬਹੁਤ ਸਾਰੇ ਵਿਦਵਾਨਾਂ ਵਾਂਗ, ਲਿਟਲਟਨ ਅਤੇ ਉਹਦੇ ਦੋਸਤ ਗਿਲਬਰਟ ਵੈਸਟ ਨੇ ਹੈਨਰੀ ਸੇਂਟ ਜੌਨ ਬੋਲਿੰਗਬ੍ਰੋਕ, ਫ਼ਿਲਿੱਪ ਚੈਸਟਰਫ਼ੀਲਡ, ਅਲਗਜ਼ੈਂਡਰ ਪੋਪ ਅਤੇ ਹੋਰ ਨਾਸਤਿਕਾਂ ਦੇ ਪ੍ਰਭਾਵ 'ਚ ਆ ਕੇ ਮਸੀਹੀ ਧਰਮ ਨੂੰ ਠੁਕਰਾ ਦਿੱਤਾ ਸੀ। ਪੂਰੀ ਤਰ੍ਹਾਂ ਬਾਈਬਲ ਨੂੰ ਇਕ ਫ਼ਰੇਬ ਮੰਨ ਚੁੱਕੇ ਲਿਟਲਟਨ ਅਤੇ ਵੈਸਟ ਨੇ ''ਫ਼ਰੇਬੀ'' ਯਿਸੂ ਮਸੀਹ ਦਾ ਭਾਂਡਾ ਭੰਨਣ ਦਾ ਮਨ ਬਣਾ ਲਿਆ ਸੀ।

ਲਿਟਲਟਨ ਨੇ ਪੌਲੁਸ ਦੀ ਮਨਬਦਲੀ ਅਤੇ ਵੈਸਟ ਨੇ ਮਸੀਹ ਦੇ ਜੀ ਉੱਠਣ ਦੀ

ਅਲੋਚਨਾ ਦਾ ਵਿਸ਼ਾ ਚੁਣਿਆ। ਸ਼ੁਰੂ 'ਚ ਦੋਵੇਂ ਹੀ ਮੁਤੱਅਸਬ ਨਾਲ ਭਰੇ ਹੋਏ ਸਨ, ਪਰ ਮਸੀਹੀਅਤ ਨੂੰ ਤਹਿਸ-ਨਹਿਸ ਕਰਨ ਲਈ ਵੱਖੋ ਵੱਖ ਅਧਿਐਨਾਂ ਅਤੇ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਉਹ ਖ਼ੁਦਾ ਅਤੇ ਉਹਦੇ ਵਚਨ ਦੇ ਵਿਸ਼ਵਾਸੀ ਬਣ ਗਏ ਸਨ। ਆਪੋ-ਆਪਣਾ ਅਧਿਐਨ ਪੂਰਾ ਕਰਨ ਦੇ ਬਾਅਦ ਉਹ ਇਕੱਠੇ ਹੋਏ। ਕਿਸੇ ਬਹਿਰੂਪੀਏ ਦਾ ਪਰਦਾ ਫ਼ਾਸ਼ ਕਰਨ ਦੀ ਖ਼ੁਸ਼ੀ ਮਨਾਉਣ ਲਈ ਨਹੀਂ ਸਗੋਂ ਆਪਣੀ ਪਿਛਲੀ ਬੇਵਕੂਫ਼ੀ ਉੱਤੇ ਅਫ਼ਸੋਸ ਕਰਨ ਅਤੇ ਜੋ ਕੁਝ ਉਨ੍ਹਾਂ ਨੂੰ ਮਿਲਿਆ ਸੀ ਉਹਦੀ ਖ਼ੁਸ਼ੀ ਮਨਾਉਣ ਲਈ।

ਵੈਸਟ ਨੇ ''ਮਸੀਹ ਦੇ ਜੀ ਉੱਠਣ ਦੀ ਸਮੀਖਿਆ'' ਅਤੇ ਲਿਟਲਟਨ ਨੇ ''ਸੰਤ ਪੌਲੁਸ ਦੀ ਮਨਬਦਲੀ ਦੀ ਸਮੀਖਿਆ'' 'ਤੇ ਲੇਖ ਲਿਖੇ। ਲਿਟਲਟਨ ਦੇ ਖੋਜ ਪੱਤਰ-ਪਹਿਲਾਂ ਵੈਸਟ ਦੇ ਨਾਂਅ ਚਿੱਠੀ ਦੇ ਰੂਪ ਵਿਚ ਛਪੇ। ਉਹਦੀ ਪਹਿਲੀ ਲਾਈਨ 'ਚ ਲਿਖਿਆ ਸੀ, ''[ਪੌਲੁਸ ਦੀ] ਮਨਬਦਲੀ ਆਪਣੇ ਆਪ ਵਿਚ ਹੀ ਇਹ ਸਾਬਤ ਕਰਨ ਲਈ ਕਾਫ਼ੀ ਸੀ ਕਿ ਮਸੀਹੀਅਤ ਇਕ ਰੱਬੀ ਇਲਹਾਮ ਹੈ।''[7]

ਲਿਟਲਟਨ ਨੇ ਪੌਲੁਸ ਦੀ ਕਥਿਤ ਮਨਬਦਲੀ ਬਾਰੇ ਇਕ ਖੋਜ ਭਰਪੂਰ ਪੜਚੋਲ ਕੀਤੀ।[8] ਉਹਨੇ ਇਹ ਨਿਚੋੜ ਕੱਢਿਆ ਕਿ ਚਾਰ ਗੱਲਾਂ ਹੋ ਸਕਦੀਆਂ ਹਨ: (1) ਪੌਲੁਸ ਦੇ ਦਮਿਸ਼ਕ ਦੇ ਰਾਹ ਵਿਚ ਮਿਲਣ ਵਾਲੇ ਦਰਸ਼ਨ ਨੂੰ ਹੇਰਾਫ਼ੇਰੀ ਨਾਲ ਬਦਲ ਦਿੱਤਾ ਗਿਆ; (2) ਉਹ ਐਨਾ ਭਾਵੁਕ ਹੋ ਗਿਆ ਸੀ ਕਿ ਉਹਨੂੰ ਦਰਸ਼ਣ ਮਿਲਣ ਦਾ ਭੁਲੇਖਾ ਪਿਆ; (3) ਮਸੀਹੀ ਲੋਕਾਂ ਨੇ ਉਸ ਨਾਲ ਫ਼ਰੇਬ ਕੀਤਾ ਸੀ ਜਾਂ (4) ਉਹਨੇ ਸੱਚ ਦੱਸਿਆ ਸੀ।

ਪਹਿਲੀ ਗੱਲ ਬਿਲਕੁਲ ਨਕਾਰ ਦਿੱਤੀ ਜਾਂਦੀ ਹੈ। ਪੌਲੁਸ ਨੂੰ ਅਜਿਹੀ ਘਟਨਾ ਨੂੰ ਹੇਰਾਫ਼ੇਰੀ ਨਾਲ ਦੱਸਣ ਦੀ ਕੀ ਲੋੜ ਸੀ, ਜਿਸ ਨਾਲ ਉਹਦੀ ਆਪਣੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਜਾਵੇ ਅਤੇ ਉਸ ਨੂੰ ਉਸ ਫ਼ਰੇਬ ਦੀ ਖ਼ਾਤਰ ਮਰਨਾ ਪਵੇ? ਬੇਈਮਾਨ ਲੋਕ ਪੈਸੇ, ਤਾਕਤ, ਕਾਮ, ਰੁਤਬੇ ਆਦਿ ਪਾਉਣ ਲਈ ਝੂਠ ਬੋਲਦੇ ਹਨ। ਪੌਲੁਸ ਦਾ ਅਜਿਹਾ ਕੋਈ ਮਕਸਦ ਨਹੀਂ ਲਗਦਾ, ਇਸ ਲਈ ਤਰਕ ਪਹਿਲੀ ਗੱਲ ਨੂੰ ਠੁਕਰਾਉਣ ਲਈ ਮਜਬੂਰ ਕਰਦਾ ਹੈ।

ਦੂਜੀ ਸੰਭਾਵਨਾ ਪੌਲੁਸ ਵੱਲੋਂ ਵੇਖੇ ਦਰਸ਼ਨ ਦੀ ਗ਼ਲਤਫ਼ਹਿਮੀ ਹੈ। ਪਰ ਪੌਲੁਸ ਸਵਰਗ ਦੇ ਕਿਸੇ ਕਾਲਪਨਿਕ ਦਰਸ਼ਨ ਨੂੰ ਵੇਖਣ ਦੇ ਬਿਲਕੁਲ ਖ਼ਿਲਾਫ਼ ਸੀ। ਉਹਨੇ ਪੂਰਾ ਜ਼ੋਰ ਯਿਸੂ ਨੂੰ ਇਕ ਫ਼ਰੇਬੀ ਸਾਬਤ ਕਰਨ 'ਤੇ ਲਾਇਆ ਹੋਇਆ ਸੀ। ਭਾਵੁਕ ਹੋਏ ਕਿਸੇ ਗੁਮਰਾਹ ਬੰਦੇ ਲਈ ਦਿਮਾਗ਼ੀ ਤੌਰ ਤੇ ਵਹਿਮ ਵਿਚ ਰਹਿਣਾ ਜ਼ਰੂਰੀ ਹੈ। ਪਰ ਪੌਲੁਸ ਦਾ ਝੁਕਾਅ ਇਹਦੇ ਉਲਟ ਸੀ। ਖੋਜ ਨਾ ਕਰਨ ਵਾਲੀ ਭਾਵੁਕਤਾ ਦੀ ਬਜਾਏ ਉਹਨੇ ਆਪਣੀ ਪੂਰੀ ਜ਼ਿੰਦਗੀ ਤਰਕ, ਵਿਚਾਰਸ਼ੀਲਤਾ ਅਤੇ ਚੌਕਸੀ ਨਾਲ ਵਿਸ਼ਲੇਸ਼ਣ ਕਰਨ ਤੇ ਲਾਈ ਹੋਈ ਸੀ। ਇਸ ਤਰ੍ਹਾਂ ਦੂਜੀ ਗੱਲ ਜਿਹਦਾ ਲਿਟਲਟਨ ਨੇ ਤਰਕ ਦਿੱਤਾ ਸੀ, ਵੈਸੇ ਹੀ ਨਾ ਮੰਨਣ ਯੋਗ ਹੋ ਜਾਂਦੀ ਹੈ। 1 ਕੁਰਿੰਥੀਆਂ 13:1-13 ਦੇ ਸਬੰਧ ਵਿਚ, ਜਿੱਥੇ ਮੋਅਜਜ਼ਿਆਂ ਤੋਂ ਪਹਿਲਾਂ ਪੌਲੁਸ ਨੇ ਪਰੋਪਕਾਰ ਨੂੰ ਰੱਖਿਆ, ਲਿਟਲਟਨ ਨੇ ਲਿਖਿਆ ਹੈ, ''ਭਲਾ ਇਹ ਜੋਸ਼ ਦੀ ਭਾਸ਼ਾ ਹੈ? ... ਯਕੀਨਨ ਹੀ ਇਨ੍ਹਾਂ ਆਇਤਾਂ ਵਿਚ ਨਾ ਤਾਂ ਗੁੱਸਾ ਅਤੇ ਨਾ ਹੀ ਅੰਧਵਿਸ਼ਵਾਸ ਦੇ ਵਹਿਮ ਵਿਚ ਕਿਸੇ ਦੇ ਹੋਣ ਦੀ ਗੱਲ ਮਿਲਦੀ ਹੈ।''[9]

ਤੀਜੀ ਗੱਲ ਬਾਰੇ, ਜੇ ਮਸੀਹੀ ਲੋਕ ਗੁਮਰਾਹ ਕਰ ਰਹੇ ਸਨ, ਤਾਂ ਪੌਲੁਸ ਨੇ ਉਨ੍ਹਾਂ 'ਤੇ ਵਿਸ਼ਵਾਸ ਨਹੀਂ ਕਰਨਾ ਸੀ। ਉਹ ਮਸੀਹੀ ਲੋਕਾਂ ਨੂੰ ਮਰਵਾ ਰਿਹਾ ਸੀ ਅਤੇ ਉਸ ਨੇ ਉਨ੍ਹਾਂ ਦੀ ਨਹੀਂ ਸੁਣਨੀ ਸੀ। ਫਿਰ ਤਾਂ ਤੀਜੀ ਗੱਲ ਵੀ ਬੜੀ ਕਮਜ਼ੋਰ ਜਿਹੀ ਲਗਦੀ ਹੈ।

ਹੋਰ ਸੰਭਾਵਤ ਬਦਲਾਵਾਂ ਨੂੰ ਕੱਢਣ ਦੇ ਬਾਅਦ, ਲਿਟਲਟਨ ਨੇ ਇਹ ਮੰਨ ਲਿਆ ਸੀ ਕਿ ਪੌਲੁਸ ਨੇ ਅਸਲ 'ਚ ਯਿਸੂ ਦਾ ਇਲਾਹੀ ਦਰਸ਼ਨ ਪਾਇਆ ਸੀ। ਪੌਲੁਸ ਦੇ ਵੇਰਵੇ ਦੀ ਹਕੀਕਤ ਹੀ ਪੌਲੁਸ ਦੇ ਸਖ਼ਤ ਦਿਲ ਦੀ ਤਰਕ ਭਰੀ ਵਿਆਖਿਆ ਹੈ ਜਿਸ ਨੇ ਯਿਸੂ ਨੂੰ ਸਤਾਉਣਾ ਬੰਦ ਕਰਕੇ ਯਿਸੂ ਲਈ ਕੁਰਬਾਨ ਹੋਣ ਵੱਲ ਮੂੰਹ ਕਰ ਲਿਆ ਸੀ।

ਲਿਟਲਟਨ ਦਾ ਲੇਖ ਐਨਾ ਯਕੀਨ ਦੁਆਊ ਸੀ ਕਿ ਡਾਕਟਰ ਸੈਮੂਅਲ ਜੌਨਸਨ ਨੇ ਟਿੱਪਣੀ ਕੀਤੀ ਕਿ ਇਹ ਅਜਿਹਾ ਲੇਖ ਸੀ ਜਿਹਦੇ ਜਵਾਬ ਦੀ ਨਾਸਤਕ ਲੋਕ ਕਦੇ ਕਲਪਨਾ ਵੀ ਨਹੀਂ ਕਰ ਸਕਦੇ। ਡਾਕਟਰ ਫ਼ਿਲਿੱਪ ਡੌਡਰਿੱਜ ਨੇ ਜੋ ਲਿਟਲਟਨ ਦਾ ਦੋਸਤ ਬਣ ਗਿਆ ਸੀ, ਉਸ ਲੇਖ ਨੂੰ ''ਬੇਹਤਰੀਨ ਤਰੀਕੇ ਨਾਲ'' ਅਤੇ ''ਸਾਡੀ ਪੀੜ੍ਹੀ ਦਾ ਤਿਆਰ ਕੀਤਾ ਆਪਣੇ ਆਪ ਵਿਚ ਇਕ ਮੁਕੰਮਲ'' ਲੇਖ ਕਿਹਾ ਹੈ।

## ਸਾਰ

ਬਾਈਬਲ ਆਪਣੇ ਆਪ ਵਿਚ ਹੀ ਸਬੂਤ ਹੈ ਕਿ ਇਹ ਖ਼ੁਦਾ ਵੱਲੋਂ ਦਿੱਤੀ ਗਈ ਹੈ। ਪੁਰਾਣੇ ਨੇਮ ਦੀਆਂ ਅਨੋਖੀਆਂ ਨਬੁਵਤਾਂ ਅਤੇ ਯਿਸੂ ਦੀ ਪੂਰੀ ਜ਼ਿੰਦਗੀ ਨਾਲ, ਯਿਸੂ ਵਿਚ ਉਨ੍ਹਾਂ ਦਾ ਪੂਰਾ ਹੋਣਾ, ਪਵਿੱਤਰ ਲਿਖਤ ਦੇ ਖ਼ੁਦਾ ਵੱਲੋਂ ਹੋਣ ਦਾ ਇਸ਼ਾਰਾ ਕਰਦਾ ਹੈ। ਇਹ ਹਰ ਇਨਸਾਨ 'ਤੇ ਹੈ ਕਿ ਉਹ ਬਾਈਬਲ ਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਹੋਇਆ ਵਚਨ ਮੰਨੇ।

---

ਟਿੱਪਣੀਆਂ

[1]ਸ਼ਿਲੋਮ ਦੀ ਸੁਰੰਗ ਹਿਜ਼ਕੀਆਹ ਵੱਲੋਂ ਯਰੂਸ਼ਲਮ ਉੱਤੇ ਅਸ਼ੂਰੀਆਂ ਦੇ ਹਮਲੇ ਵੇਲੇ ਸ਼ਹਿਰ 'ਚ ਪਾਣੀ ਲਿਆਉਣ ਲਈ ਬਣਵਾਈ ਗਈ ਸੀ। 1880 ਵਿਚ ਸੁਰੰਗ 'ਚ ਮਿਲੇ ਇਕ ਸ਼ਿਲਾਲੇਖ ਤੋਂ ਇਹਦੇ ਅੰਦਾਜ਼ਨ ਸਮੇਂ ਨੂੰ ਹਿਜ਼ਕੀਆ ਦੀ ਹਕੂਮਤ ਦੌਰਾਨ ਹੋਣ ਦੀ ਹਮਾਇਤ ਮਿਲਦੀ ਹੈ (ਲਗਭਗ 716-687 ਈ.ਪੂ.)। ਸੁਰੰਗ ਤੋਂ ਵੀ 2 ਰਾਜਿਆਂ 20:20 ਵਿਚ ਦਰਜ ਘਟਨਾਵਾਂ ਦੀ ਤਸਦੀਕ ਹੁੰਦੀ ਹੈ (ਮੈਰਿਲ ਸੀ. ਟੈਨੀ, ਸੰਪਾਦਕ, *ਦਿ ਜ਼ੌਂਡਰਵਨ ਪਿਕਟੋਰੀਅਲ ਇਨਸਾਈਕਲੋਪੀਡਿਆ ਆਫ਼ ਦ ਬਾਈਬਲ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1975]), s.v., ''ਹਿਜ਼ਕੀਆਹ'' ਅਤੇ ''ਸਿਲੋਆਮ।'' [2]ਟੀ. ਹੈਰੀਸਨ, *ਥ੍ਰੀ ਹੰਡਰਡ ਟੈਸਟੀਮਨੀ ਇਨ ਫ਼ੇਵਰ ਆਫ਼ ਰਿਲਿਜਨ ਐਂਡ ਦ ਬਾਈਬਲ ਬਾਈ ਡਿਸਟਿੰਗੁਇਸ਼ਡ ਮੈੱਨ ਐਂਡ ਵਿਮੈੱਨ* (ਸਿੰਸਿਨਾਟੀ: ਐਡਮ ਕਲਾਰਕ ਐਂਡ ਕੰ., 1888), 340. [3]ਰਸੂਲਾਂ ਦੇ ਕੰਮ 24:24 ਵਿਚ ਅਗ੍ਰਿੱਪਾ ਦੀ ਭੈਣ ਦਰੁਸਿੱਲਾ ਨੂੰ ਇਕ ਯਹੂਦਣ ਕਿਹਾ ਗਿਆ ਹੈ। [4]ਫਲੋਇਡ ਈ. ਹੈਮਿਲਟਨ, *ਦਿ ਬੇਸਿਸ ਆਫ਼ ਦ ਕ੍ਰਿਸਚਿਅਨ ਫ਼ੇਥ,* ਤੀਜਾ ਸੰਸਕਰਣ (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1946), 156-57. [5]ਅੱਲਫ਼੍ਰੇਡ ਐਡਰਸ਼ੇਮ, *ਲਾਈਫ਼ ਐਂਡ ਟਾਈਮਜ਼ ਆਫ਼ ਜੀਜ਼ਸ ਦ ਮਸਾਯਾਹ* (ਨਿਊ ਯਾਰਕ: ਲੌਂਗਮੈਂਸ, ਗ੍ਰੀਨ, ਐਂਡ ਕੰ., 1900), 2:710-41. [6]ਸਰੇਸ਼ਟ ਗੀਤ 2:1 ਅਤੇ 5:10, 16 'ਚੋਂ ਲਏ ਇਹ ਵਾਕਾਂਸ਼ ਕਈ ਮਸ਼ਹੂਰ ਜ਼ਬੂਰਾਂ ਵਿਚ ਯਿਸੂ ਲਈ ਵਰਤੇ ਜਾ ਚੁਕੇ ਹਨ। [7]ਜੇਮਸ ਡੀ. ਬੇਲਸ, *ਸਾਊਲ: ਫ਼ਰਾਮ ਪਰਸੀਕਿਊਟਰ ਟੂ ਪਰਸੀਕਿਊਟਡ* (ਸ਼ਰੇਵਪੋਰਟ, ਲੂਈਸਿਆਨਾ: ਲੈਬਰਟ ਬੁੱਕ ਹਾਊਸ, 1975), 106 'ਚ ਜਾਰਜ ਲਿਟਲਟਨ, ''ਲਾਰਡ ਲਿਟਲਟਨ ਆਨ ਦ ਕਨਵਰਸ਼ਨ ਆਫ਼ ਸੇਂਟ ਪਾਲ।'' [8]ਪੌਲੁਸ ਦੀ ਮਨਬਦਲੀ ਦੇ ਵੇਰਵੇ ਰਸੂਲਾਂ ਦੇ ਕੰਮ 9; 22; ਅਤੇ 26 ਅਧਿਆਇ ਵਿਚ ਮਿਲਦੇ ਹਨ। [9]ਲਿਟਲਟਨ, 129.